ਮਤਾ ਨੰਬਰ : 408

**ਵਿਸਾ:-** **Purchase of Electrical Material for Repair of existing LED Street Lights installed by MPLAD and hand over from other departments ਸਬੰਧੀ ਕੰਮ ਦੀ ਬਚਦੀ ਸੇਵਿੰਗ ਵਰਤਨ ਦੀ ਪ੍ਰਵਾਨਗੀ ਬਾਰੇ।**

| | | |
|---|---|---|
| ਤਖਮੀਨਾਂ ਰੁਪਏ | 16,92,629/- | |
| ਟੈਂਡਰ ਅਮਾਉਂਟ ਰੁਪਏ | 12,69,641/- | ਸੇਵਿੰਗ 24.99% |
| ਅਜੰਸੀ ਦਾ ਨਾਮ | M/s Vivek Enterprises | |

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਲਈ ਤਖਮੀਨਾ ਰੁਪਏ 16,92,629/- ਦਾ ਤਿਆਰ ਕੀਤਾ ਗਿਆ ਸੀ, ਜਿਸ ਨੂੰ ਕਮਿਸ਼ਨਰ ਸਾਹਿਬ (ਐਡਮਿਨਿਸਟ੍ਰੇਟਰ) ਜੀ ਵਲੋਂ ਮਤਾ ਨੰਬਰ 130(4) ਮਿਤੀ 20-10-2023 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਰਾਹੀਂ ਪਹਿਲੀ ਬਾਰੀ ਮੰਗਣ ਤੇ ਕੁੱਲ 5 ਟੈਂਡਰ ਪ੍ਰਾਪਤ ਹੋਏ ਜੋ ਕਿ ਤਕਨੀਕੀ ਮਿਆਰ ਪਖੋਂ ਪੂਰੇ ਪਾਏ ਗਏ। ਇਸ ਲਈ ਇਨ੍ਹਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕਰਨ ਤੇ ਘੱਟ ਰੇਟ ਦਾ ਟੈਂਡਰ ਉਕਤ ਅਜੰਸੀ ਦਾ ਪ੍ਰਾਪਤ ਹੋਇਆ, ਜਿਸ ਨੂੰ ਕਮਿਸ਼ਨਰ ਸਾਹਿਬ (ਐਡਮਿਨਿਸਟ੍ਰੇਟਰ) ਜੀ ਵਲੋਂ ਮਤਾ ਨੰਬਰ 100(45) ਮਿਤੀ 03-01-2024 ਰਾਹੀਂ ਪ੍ਰਵਾਨ ਕੀਤਾ ਗਿਆ ਸੀ।

ਇਸ ਦਫਤਰ ਦੇ ਪੱਤਰ ਨੰਬਰ CE/ET/SL/15 ਮਿਤੀ 24-01-2024 ਰਾਹੀਂ ਅਜੰਸੀ ਨੂੰ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਸੀ ਤੇ ਸਮਾਨ ਦੀ ਸਪਲਾਈ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਅਜੰਸੀ ਵਲੋਂ ਮੋਕੇ ਤੇ ਸਮਾਨ ਨਗਰ ਨਿਗਮ ਦੇ ਇਲੈਕਟ੍ਰਿਕਲ ਸਟੋਰ ਵਿੱਚ ਸਪਲਾਈ ਕਰਨ ਉਪਰੰਤ ਆਪਣੇ ਚੱਲਤ ਬਿਲਾਂ ਦੀ ਅਦਾਇਗੀ ਲੈ ਲਈ ਹੈ, ਜਿਸ ਵਿੱਚ ਤਖਮੀਨੇ ਦੀ ਰਾਸ਼ੀ ਤਕਰੀਬਨ ਖਤਮ ਹੋ ਗਈ ਹੈ। ਇਥੇ ਇਹ ਦਸਣ ਯੋਗ ਹੈ ਕਿ ਸ਼ਹਿਰ ਵਿੱਚ ਗ੍ਰਾਂਟ ਅਧੀਨ ਲਗੇ ਹੋਏ ਸਟਰੀਟ ਲਾਈਟ ਪੁਆਇੰਟਾਂ ਦੀ ਰਿਪੇਅਰ ਵਾਸਤੇ ਹੋਰ ਇਲੈਕਟ੍ਰਿਕਲ ਸਮਾਨ ਲੋੜੀਂਦਾ ਹੈ। ਇਸ ਲਈ ਇਲੈਕਟ੍ਰਿਕਲ ਸਮਾਨ ਦੀ ਖਰੀਦ ਕਰਨ ਅਤੇ ਕੰਮ ਦੀ ਮਹੱਹਤਾ ਨੂੰ ਦੇਖਦੇ ਹੋਏ ਵਿਸ਼ੇ ਅਧੀਨ ਕੰਮ ਦੀ ਬਚਦੀ ਸੇਵਿੰਗ 24.99% ਦੀ ਰਾਸ਼ੀ ਖਰਚ ਕਰਨ ਦੀ ਪ੍ਰਵਾਨਗੀ ਕਮਿਸ਼ਨਰ (ਐਡਮਿਨਿਸਟ੍ਰੇਟਰ) ਜੀ ਵਲੋਂ ਦਿੱਤੀ ਜਾਣੀ ਹੈ ਕਿਉਂ ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 407-ਏ ਉਪ-ਧਾਰਾ-1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਦਾ ਅਧਿਕਾਰ ਮਾਨਯੋਗ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤਾ ਗਿਆ ਹੈ। ਇਸ ਲਈ ਤਖਮੀਨੇ ਦੀ ਬਚਦੀ ਸੇਵਿੰਗ 24.99% ਦੀ ਰਾਸ਼ੀ ਰੁਪਏ 4,22,988/- ਖਰਚ ਕਰਨ ਅਤੇ ਸਮੇਂ ਵਿੱਚ ਤਿੰਨ ਮਹੀਨੇ ਦਾ ਵਾਧਾ ਕਰਨ ਲਈ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਇਹਨਾਂ ਤਖਮੀਨਿਆ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾ ਲਈ ਮਤਾ ਭੇਜਿਆ ਜਾ ਸਕੇ।

ਤੱਖਮੀਨੇ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰ: 409

ਵਿਸ਼ਾ:- P/L BM and PC Patch work with paver.

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਬੀ.ਐਂਡ.ਆਰ ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਕੰਮ ਨਗਰ ਨਿਗਮ ਜਲੰਧਰ ਵਰਕ ਆਰਡਰ ਨੰ. ਸੀ.ਏ/ਨੋਰਥ/107, ਮਿਤੀ 20.07.2023 ਰਾਹੀਂ ਅਲਾਟ ਕੀਤਾ ਗਿਆ ਸੀ। ਇਸ ਕੰਮ ਦੇ ਟੈਂਡਰ ਸੁਕੂਟਨੀ ਕਮੇਟੀ ਦੇ ਮਤਾ ਨੰ. 53(20), ਮਿਤੀ 07.07.2023 ਰਾਹੀਂ ਪ੍ਰਵਾਨ ਕੀਤਾ ਗਿਆ ਸੀ । ਏਜੰਸੀ ਵੱਲੋਂ 90% ਕੰਮ ਮੌਕੇ ਉਪਰ ਮੁਕੰਮਲ ਕਰ ਦਿੱਤਾ ਗਿਆ ਹੈ।

ਇਥੇ ਦੱਸਣਯੋਗ ਹੈ ਕਿ ਇਸਦੇ ਨਾਲ ਹੀ ਲੱਗਦੇ ਇਲਾਕੇ ਵਿੱਚ ਸੜਕ ਦੀ ਹਾਲਤ ਬਹੁਤ ਖਰਾਬ ਹੈ। ਇਸ ਬਾਬਤ ਦੱਸਿਆ ਜਾਂਦਾ ਹੈ ਕਿ ਸੜਕ ਦਾ ਕੰਮ ਕਰਦੇ ਹੋਏ ਇਸ ਕੰਮ ਵਿੱਚ ਵਾਧਾ ਪਾਇਆ ਗਿਆ ਹੈ। ਜਿਸ ਲਈ ਇਸ ਕੰਮ ਦਾ ਸਕੋਪ ਵਧਾਇਆ ਜਾਣਾ ਜਰੂਰੀ ਹੈ।

ਇਸ ਸਬੰਧੀ ਸੋਧਿਆ ਤਖਮੀਨਾ ਬਣਾਇਆ ਗਿਆ ਅਤੇ ਕੰਮ ਨੂੰ ਨੇਪੜੇ ਚੜਾਉਣ ਲਈ 25% ਵਾਧਾ ਕਰਨਾ ਲੋੜੀਂਦਾ ਹੈ ਅਤੇ ਨਾਲ ਹੀ ਸਮੇਂ, ਸੀਮਾ ਵਧਾਉਣ ਸਿਫਾਰਸ਼ ਕੀਤੀ ਜਾਂਦੀ ਹੈ । ਉਪਰੋਕਤ ਨੂੰ ਮੁੱਖ ਰਖਦੇ ਹੋਏ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸੋਧ ਕੀਤੇ ਗਏ ਤਖਮੀਨੇ ਰੁਪਏ 24.52 ਲੱਖ ਜੋ ਅਸਲ ਤਖਮੀਨਾ ਪਲੱਸ਼ 25% ਵਾਧੇ ਦੇ ਅੰਦਰ ਹੈ, ਜੋ ਕਮਿਸ਼ਨਰ ਕਮ ਅਡਮਿਟਿਸਟ੍ਰੇਟਰ ਨਗਰ ਨਿਗਮ ਜਲੰਧਰ ਜੀ ਦੇ ਅਧਿਕਾਰ ਖੇਤਰ ਅੰਦਰ ਹਨ। ਇਸ ਕੰਮ ਦੀ ਅਦਾਇਗੀ ਨਗਰ ਨਿਗਮ ਜਲੰਧਰ ਦੇ ਫੰਡ ਅਧੀਨ ਕਰਨ ਅਤੇ ਸਮਾਂ ਸੀਮਾ ਮਿਤੀ 31.03.2025 ਤੱਕ ਕਰਨ ਦੀ ਪ੍ਰਵਾਨਗੀ ਲਈ ਸਿਫਾਰਿਸ ਕੀਤੀ ਹੈ। ਕੰਮ ਦੀ ਮਹਤੱਤਾ ਅਤੇ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਪ੍ਰਵਾਨਗੀ ਹਿੱਤ ਪੇਸ਼ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ।

ਤਜਵੀਜ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.122024.

ਮਤਾ ਨੰਬਰ: 410

ਵਿਸ਼ਾ:- ਟੈਕਨੀਸ਼ੀਅਨਾਂ ਅਤੇ ਸਹਾਇਕ ਲਾਈਨਮੈਨਾਂ ਤੋਂ ਬਤੋਰ ਲਾਈਨਮੈਨ/ ਸਹਾਇਕ ਜੂਨੀਅਰ ਇੰਜੀਨੀਅਰ ਪਦਉਨਤੀ ਕਰਨ ਸੰਬੰਧੀ।

ਪੜ੍ਹਿਆ ਨੋਟ ਅਮਲਾ ਸ਼ਾਖਾ ਕਿ ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ, ਜਲੰਧਰ ਵਿਖੇ ਕੰਮ ਕਰ ਰਹੇ ਟੈਕਨੀਸ਼ੀਅਨਾਂ ਅਤੇ ਸਹਾਇਕ ਲਾਈਨਮੈਨਾਂ ਵੱਲੋਂ ਬਤੋਰ ਲਾਈਨਮੈਨ ਪਦਉਨਤੀ ਦੀ ਮੰਗ ਕੀਤੀ ਜਾ ਰਹੀ ਹੈ। ਇਸ ਸੰਬੰਧ ਵਿੱਚ ਨਗਰ ਨਿਗਮ ਪਾਸ ਕੋਈ ਨਿਯਮ ਨਹੀ ਸਨ ਇਸ ਲਈ ਨਗਰ ਨਿਗਮ, ਜਲੰਧਰ ਵੱਲੋਂ ਗੈਰ-ਪ੍ਰਾਤੀਕਰਨ ਕੇਡਰ ਦੀਆਂ 14 ਅਸਾਮੀਆਂ ਸੰਬੰਧੀ ਸੇਵਾ ਨਿਯਮ ਮਤਾ ਨੰ:144 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਹਨਾਂ ਨਿਯਮਾਂ ਅਨੁਸਾਰ ਲਾਈਨਮੈਨ ਦੀ ਅਸਾਮੀ ਦੇ ਨਿਯਮ ਹੇਠ ਅਨੁਸਾਰ ਹਨ:-

1. 70% of the posts from employees who possess qualification for direct recruitment i.e:-
   (i) Matric with Punjabi subject
   (ii) 2 Years ITI in Electric Trade
   (iii) 2 Years Apprentice Trade Certificate from Electricity Board
   (iv) Working from at least 5 Years in Municipal Corporation
2. 30% of the posts from Seniority of Assistant Lineman who is working in Street Light Branch from for atleast 8 years.

ਉਪਰੋਕਤ ਦੇ ਸੰਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ, ਜਲੰਧਰ ਵਿਖੇ ਲਾਈਨਮੈਨਾਂ ਦੀਆਂ ਕੁੱਲ 10 ਅਸਾਮੀਆਂ ਪ੍ਰਵਨਤ ਹਨ ਜਿਹਨਾਂ ਵਿੱਚੋਂ 1 ਅਸਾਮੀ ਭਰੀ ਅਤੇ 9 ਅਸਾਮੀਆਂ ਖਾਲੀ ਹਨ। ਨਗਰ ਨਿਗਮ, ਜਲੰਧਰ ਵੱਲੋਂ ਪ੍ਰਵਾਨ ਕੀਤੇ ਗਏ ਮਤਾ ਨੰ:144 ਮਿਤੀ 28.10.2021 ਅਨੁਸਾਰ ਹੇਠ ਲਿਖੇ ਟੈਕਨੀਸ਼ੀਅਨ/ਇਲੈਕਟਰੀਸ਼ਨ ਬਤੌਰ ਲਾਈਨਮੈਨ ਦੀ ਅਸਾਮੀ ਦੀ ਵਿਦਯਕ ਯੋਗਤਾ ਰੱਖਦੇ ਹਨ, ਉਹਨਾਂ ਦੀ ਲਿਸਟ ਅੰਤਿਕਾ ੳ ਤੇ ਨੱਥੀ ਹੈ:-

**ਅੰਤਿਕਾ ੳ**

| ਲੜੀ ਨੰ: | ਕਰਮਚਾਰੀ ਦਾ ਨਾਮ | ਅਹੁਦਾ | ਪਿਛਲੇ 5 ਸਾਲ ਦੀਆਂ ਗੁਪਤ ਰਿਪੋਰਟਾਂ | ਵਿਭਾਗੀ ਜਾਂਚ ਸੰਬੰਧੀ ਰਿਪੋਰਟ |
|---|---|---|---|---|
| 1 | ਸ਼੍ਰੀ ਗੁਰਵਿੰਦਰ ਪਾਲ ਸਿੰਘ | ਟੈਕਨੀਸ਼ੀਅਨ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |
| 2 | ਸ਼੍ਰੀ ਹਰਜੀਤ ਸਿੰਘ | ਟੈਕਨੀਸ਼ੀਅਨ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |
| 3 | ਸ਼੍ਰੀ ਨਵਨੀਤ ਸਿੰਘ | ਇਲੈਕਟਰੀਸ਼ੀਅਨ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |
| 4 | ਸ਼੍ਰੀ ਭਾਰਤ ਭੂਸ਼ਣ | ਇਲੈਕਟਰੀਸ਼ੀਅਨ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |
| 5 | ਸ਼੍ਰੀ ਹਰਵਿੰਦਰ ਪਾਲ ਸਿੰਘ | ਟੈਲੀਫੋਨ ਅਟੈਂਡੈਂਟ-ਕਮ-ਕਲਕਰ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |

ਮਤਾ ਨੰ:144 ਮਿਤੀ 28.10.2021 ਅਨੁਸਾਰ ਹੇਠ ਲਿਖੇ ਸਹਾਇਕ ਲਾਈਨਮੈਨ ਬਤੋਰ ਲਾਈਨਮੈਨ ਦੀ ਅਸਾਮੀ ਦੀ ਵਿਦਯਕ ਯੋਗਤਾ ਰੱਖਦੇ ਹਨ, ਉਹਨਾਂ ਦੀ ਲਿਸਟ ਅੰਤਿਕਾ ਅ ਤੇ ਨੱਥੀ ਹੈ:-

**ਅੰਤਿਕਾ ਅ**

| ਲੜੀ ਨੰ: | ਕਰਮਚਾਰੀ ਦਾ ਨਾਮ | ਅਹੁਦਾ | 5 ਸਾਲ ਦੀਆਂ ਗੁਪਤ ਰਿਪੋਰਟਾਂ | ਵਿਭਾਗੀ ਜਾਂਚ ਸੰਬੰਧੀ ਰਿਪੋਰਟ |
|---|---|---|---|---|
| 1 | ਸ਼੍ਰੀ ਜੋਤੀ ਪ੍ਰਕਾਸ਼ | ਸਹਾਇਕ ਲਾਈਨਮੈਨ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |
| 2 | ਸ਼੍ਰੀ ਰਮੇਸ਼ ਕੁਮਾਰ | ਸਹਾਇਕ ਲਾਈਨਮੈਨ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |
| 3 | ਸ਼੍ਰੀ ਰਾਮ ਕ੍ਰਿਸ਼ਨ | ਸਹਾਇਕ ਲਾਈਨਮੈਨ | ਨੱਥੀ ਹਨ | ਕੋਈ ਵਿਭਾਗੀ ਜਾਂਚ ਲੰਬਿਤ ਨਹੀ ਹੈ। |

ਉਪਰੋਕਤ ਅੰਤਿਕਾ ੳ ਅਤੇ ਅ ਤੇ ਦਰਸਾਏ ਗਏ ਕਰਮਚਾਰੀਆਂ ਦੀ ਪਦਓਨਤੀ ਮਾਨਯੋਗ ਹਾਊਸ ਦੀ ਪ੍ਰਵਾਨਗੀ ਦੀ ਆਸ ਵਿੱਚ ਹੇਠ ਲਿਖੀਆਂ ਸ਼ਰਤਾਂ ਤੇ ਕਰਨ ਦੀ ਤਜਵੀਜ਼ ਪੇਸ਼ ਹੈ ਜੀ:-

1. ਉਪਰੋਕਤ ਕਰਮਚਾਰੀਆਂ ਦੀ ਪਦਉਨਤੀ ਬਤੋਰ ਲਾਈਨਮੈਨ ਪੇ ਮੈਟਰਿਕਸ ਫਿਕਸੇਸ਼ਨ ਲੈਵਲ 13 ਤੇ ਕੀਤੀ ਜਾਂਦੀ ਹੈ।

2. ਕਰਮਚਾਰੀਆਂ ਦੀ ਪਦਉਨਤੀ ਸੰਬੰਧੀ ਮਤਾ ਪ੍ਰਵਾਨ ਕਰਵਾਇਆ ਜਾਵੇਗਾ।

3. ਜੇਕਰ ਇਹਨਾਂ ਕਰਮਚਾਰੀਆਂ ਦਾ ਮਤਾ ਪਾਸ ਨਹੀ ਹੁੰਦਾ ਜਾਂ ਸਰਕਾਰ ਵੱਲੋਂ ਰੱਦ ਕੀਤਾ ਜਾਂਦਾ ਹੈ ਇਹਨਾਂ ਦੀ ਪਦਉਨਤੀ ਸੰਬੰਧੀ ਹੁਕਮ ਰੱਦ ਕਰ ਦਿੱਤੇ ਜਾਣਗੇ ਅਤੇ ਇਹਨਾਂ ਨੂੰ ਇਸ ਪਦਉਨਤੀ ਸੰਬੰਧੀ ਮਿਲੇ ਸਾਰੇ ਲਾਭ ਸਰਸਰੀ ਤੋਰ ਤੇ ਖਤਮ ਹੋ ਜਾਣਗੇ।

ਨਗਰ ਨਿਗਮ, ਜਲੰਧਰ ਵੱਲੋਂ ਨਿਯਮਾਂ ਸੰਬੰਧੀ ਮਤਾ ਨੰ:144 ਮਿਤੀ 28.10.2021 ਨਿਗਮ ਹਾਊਸ ਵੱਲੋਂ ਪ੍ਰਵਾਨ ਕੀਤਾ ਗਿਆ ਹੈ ਜੋ ਕਿ ਸਰਕਾਰ ਪਾਸ ਲੰਬਿਤ ਚਲ ਰਿਹਾ ਹੈ। ਦਰਜਾ-3 ਅਤੇ 4 ਕਰਮਚਾਰੀ ਜੋ ਕਿ ਇਸ ਪਦਉਨਤੀ ਹਿੱਤ ਯੋਗ ਹਨ, ਉਹਨਾਂ ਦੀਆਂ ਸੀਨੀਆਰਤਾ ਅਨੁਸਾਰ ਲਿਸਟਾਂ ਮਿਸਲ ਨਾਲ ਨੱਥੀ ਹਨ ਜੀ। ਅੰਤਿਕਾ ੳ ਅਤੇ ਅ ਤੇ ਦਰਸਾਏ ਕਰਮਚਾਰੀਆਂ ਦੀ ਪਦਉਨਤੀ ਬਤੋਰ ਲਾਈਨਮੈਨ/ ਸਹਾਇਕ ਜੂਨੀਅਰ ਇੰਜੀਨੀਅਰ ਹੇਠ ਲਿਖੀਆਂ ਸ਼ਰਤਾਂ ਤੇ ਕਰਨ ਦੀ ਤਜਵੀਜ਼ ਪੇਸ਼ ਹੈ ਜੀ:-

1. ਕਰਮਚਾਰੀਆਂ ਦੀ ਪਦਉਨਤੀ ਸੰਬੰਧੀ ਮਤਾ ਪ੍ਰਵਾਨ ਕਰਵਾਇਆ ਜਾਵੇਗਾ।

2. ਇਸ ਪਦਉਨਤੀ ਦਾ ਵਿੱਤੀ ਲਾਭ ਸਰਕਾਰ ਵੱਲੋਂ ਮਤਾ ਪ੍ਰਵਾਨ ਉਪਰੰਤ ਹੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ।

3. ਜੇਕਰ ਇਹਨਾਂ ਕਰਮਚਾਰੀਆਂ ਦਾ ਮਤਾ ਪਾਸ ਨਹੀ ਹੁੰਦਾ ਜਾਂ ਸਰਕਾਰ ਵੱਲੋਂ ਰੱਦ ਕੀਤਾ ਜਾਂਦਾ ਹੈ ਇਹਨਾਂ ਦੀ ਪਦਉਨਤੀ ਸੰਬੰਧੀ ਹੁਕਮ ਰੱਦ ਕਰ ਦਿੱਤੇ ਜਾਣਗੇ ਅਤੇ ਇਹਨਾਂ ਨੂੰ ਇਸ ਪਦਉਨਤੀ ਸੰਬੰਧੀ ਮਿਲੇ ਸਾਰੇ ਲਾਭ ਸਰਸਰੀ ਤੋਰ ਤੇ ਖਤਮ ਹੋ ਜਾਣਗੇ।

ਸੰਯੁਕਤ ਕਮਿਸ਼ਨਰ ਜੀ ਨੇ ਉਕਤ ਤਜਵੀਜ ਨੂੰ ਮਤੇ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਿਸ ਕੀਤੀ ਹੈ ਜਿਸ ਤੇ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ।

ਤਜਵੀਜ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 411

ਵਿਸ਼ਾ:- ਮਿਸ ਸ਼ਾਲੂ ਰਾਣੀ ਪੁੱਤਰੀ ਸ਼੍ਰੀ ਗੁਲਾਬ ਚੰਦ, ਕਲਰਕ ਦੀ ਬਦਲੀ ਨਗਰ ਨਿਗਮ, ਜਲੰਧਰ ਤੋਂ ਨਗਰ ਨਿਗਮ, ਅਬੋਹਰ ਵਿਖੇ ਕਰਨ ਸਬੰਧੀ।

ਪੜ੍ਹਿਆ ਨੋਟ ਅਮਲਾ ਸ਼ਾਖਾ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਸ ਸ਼ਾਲੂ ਰਾਣੀ ਪੁੱਤਰੀ ਸ਼੍ਰੀ ਗੁਲਾਬ ਚੰਦ, ਕਲਰਕ ਨਗਰ ਨਿਗਮ ਜਲੰਧਰ ਵਿੱਚ ਪੰਜਾਬ ਅਧੀਨ ਸੇਵਾਵਾ ਬੋਰਡ ਐਸ.ਏ.ਐਸ ਨਗਰ ਵੱਲੋ ਇਸ਼ਤਿਹਾਰ ਨੰ: 17 ਆਫ 2021 ਰਾਹੀ ਬਤੌਰ ਕਲਰਕ ਤਿੰਨ ਸਾਲ ਦੇ ਪਰਖਕਾਲ ਸਮੇਂ ਲਈ ਭਰਤੀ ਹੋਈ ਸੀ। ਇਸ ਕਰਮਚਾਰਣ ਵੱਲੋਂ ਦਫਤਰੀ ਪੱਤਰ ਨੰ. 3962 ਮਿਤੀ: 21/12/2023 ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਹ ਪਿੰਡ ਸੈਦੋ ਕੇ ਉਤਾੜ ਉਰਫ ਚਾਂਦਮਾਰੀ ਜਿਲਾ ਫਾਜਿਲਕਾ ਦੀ ਰਹਿਣ ਵਾਲੀ ਹੈ। ਇਹ ਡਿਊਟੀ ਸਟੇਸ਼ਨ ਉਸਦੇ ਘਰ ਤੋਂ 250km ਦੀ ਆਣ-ਜਾਣ ਦੀ ਦੂਰੀ ਤੇ ਹੈ। ਉਹ ਅਣਵਿਆਹੀ ਲੜਕੀ ਹੈ ਅਤੇ ਉਸਦੇ ਮਾਤਾ-ਪਿਤਾ ਜੀ ਬੀਮਾਰ ਹੋਣ ਕਾਰਣ ਉਹਨਾਂ ਦੀ ਦੇਖਭਾਲ ਦੀ ਜਿੰਮੇਵਾਰੀ ਵੀ ਉਸਦੇ ਉਪਰ ਹੀ ਹੈ। ਉਸਨੂੰ ਘਰ ਦਾ ਕੰਮ-ਕਾਰ ਵੀ ਦੇਖਣਾ ਪੈਂਦਾ ਹੈ। ਉਸਦੇ ਘਰੇਲੂ ਹਾਲਾਤਾ ਕਰਕੇ ਦਫਤਰ ਵਿਖੇ ਆਣ-ਜਾਣ ਅਤੇ ਦਫਤਰ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਕਾਫੀ ਔਕੜਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਉਸਦੀ ਬਦਲੀ ਨਗਰ ਨਿਗਮ ਜਲੰਧਰ ਤੋਂ ਨਗਰ ਨਿਗਮ ਅਬੋਹਰ ਵਿਖੇ ਕੀਤੀ ਜਾਵੇ।

ਉਪਰੋਕਤ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਮਿਸ ਸ਼ਾਲੂ ਰਾਣੀ ਪੁੱਤਰੀ ਸ਼੍ਰੀ ਗੁਲਾਬ ਚੰਦ, ਕਲਰਕ ਦੀ ਬਦਲੀ ਨਗਰ ਨਿਗਮ ਜਲੰਧਰ ਤੋਂ ਨਗਰ ਨਿਗਮ ਅਬੋਹਰ ਵਿਖੇ ਕਰਨ ਲਈ ਮਾਨਯੋਗ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ।

ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ।

ਤਜਵੀਜ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 412

ਵਿਸ਼ਾ- ਦਫਤਰੀ ਕੰਮ ਨੂੰ ਸੁਚਾਰੂ ਢੰਗ ਨਾਲ ਕਰਨ ਲਈ ਕੰਪਿਊਟਰ ਅਤੇ ਪਰਿੰਟਰ ਮੁਹਈਆ ਕਰਵਾਉਣ ਸਬੰਧੀ ਤਜਵੀਜ।

ਪੜਿਆ ਨੋਟ ਸਿਸਟਮ ਮੈਨੇਜਰ ਕਿ ਸਹਾਇਕ ਸਿਹਤ ਅਫਸਰ ਵੱਲੋ ਆਪਣੇ ਨੋਟ ਮਿਤੀ 10.10.2024 ਰਾਹੀਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਕਮਰਾ ਨੰਬਰ 73 ਤੀਜੀ ਮੰਜਿਲ ਸਿਹਤ ਸ਼ਾਖਾ ਵਿੱਚ ਸਵੱਛ ਭਾਰਤ ਮਿਸ਼ਨ ਅਧੀਨ 2 ਕੰਪਿਊਟਰ ਅਤੇ ਪਰਿੰਟਰ ਚਲਦੇ ਹਨ, ਜੋ ਕਿ ਬਹੁਤ ਪੁਰਾਣੇ ਹੋ ਚੁਕੇ ਹਨ ਅਤੇ ਪੂਰੀ ਤਰਾਂ ਡਾਟਾ ਨਾਲ ਭਰ ਚੁੱਕੇ ਹਨ। ਇਸ ਦਫਤਰ ਅਧੀਨ ਸਵੱਛ ਭਾਰਤ ਮਿਸ਼ਨ, ਸਿਹਤ ਸ਼ਾਖਾ ਆਦਿ ਦਾ ਕੰਮ ਕੀਤਾ ਜਾਂਦਾ ਹੈ ਜਿਹਨਾਂ ਦਾ ਡਾਟਾ ਇਹਨਾਂ ਕੰਪਿਊਟਰਾਂ ਵਿੱਚ ਸਟੋਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 2 ਕਲਰਕ ਜੋ ਕਿ ਨਵੇਂ ਭਰਤੀ ਹੋਏ ਹਨ, ਸਵੱਛ ਭਾਰਤ ਮਿਸ਼ਨ ਵਿੱਚ ਕੰਮ ਕਰ ਰਹੇ ਹਨ। ਇਹਨਾਂ ਕਰਮਚਾਰੀਆਂ ਕੋਲ ਦਫਤਰੀ ਕੰਮ ਕਰਨ ਲਈ ਕੰਪਿਊਟਰ ਅਤੇ ਪਰਿੰਟਰ ਨਹੀਂ ਹੈ। ਜੋ 2 ਕੰਪਿਊਟਰ ਇਸ ਸ਼ਾਖਾ ਵਿੱਚ ਹਨ, ਉਹ ਪੁਰਾਣੇ ਹਨ ਅਤੇ ਉਹਨਾਂ ਤੇ ਡਾਟਾ ਐਂਟਰੀ ਓਪਰੇਟਰਾਂ ਵਲੋਂ ਦਫਤਰ ਦਾ ਹੋਰ ਕੰਮ ਕੀਤਾ ਜਾਂਦਾ ਹੈ। ਇਸ ਲਈ ਦਫਤਰੀ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 4 ਕੰਪਿਊਟਰ, 4 ਪਰਿੰਟਰ ਮੁੱਹਈਆ ਕਰਵਾਉਣ ਲਈ ਲਿਖਿਆ ਗਿਆ ਹੈ।

ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 11.10.2024 ਵੱਲੋ ਇਸਦੀ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ।ਕੰਮਪਿਉਟਰ ਸੈਲ ਵੱਲੋ ਇਸਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਕੰਮਪਿਉਟਰ, ਪ੍ਰਿੰਟਰ ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ । ਇਸ ਦਾ ਤਖਮੀਨਾ ਜੋ ਕਿ ਹੇਠ ਲਿਖੇ ਅਨੁਸਾਰ ਹੈ:—

| ਲੜੀ ਨੰ | ਵੇਰਵਾ | ਸੰਖਿਆ | ਰੇਟ (ਪ੍ਰਤੀ ਸਾਮਾਨ) | ਕੁਲ ਕੀਮਤ |
|---|---|---|---|---|
| 1. | AIO ਕੰਮਪਿਉਟਰ ਵਿਦ ਓ.ਐਸ | 4 | 55000/- | 220000 |
| 2. | ਮਲਟੀਫੰਕਸ਼ਨਰ ਪ੍ਰਿੰਟਰ | 4 | 25000/- | 100000 |
| 3. | ਆਫ—ਲਾਈਨ ਯੂ.ਪੀ.ਐਸ਼ | 4 | 3000/- | 12000 |
| | | | ਕੁਲ ਕੀਮਤ | 332000 |

ਉਕਤ ਸਮਾਨ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿੱਤਾ ਗਿਆ । ਉਕਤ ਦੀ ਖਰੀਦ ਤੇ ਲਗਭਗ 3,32,000 ਰੁਪਏ ਖਰਚ ਆਏਗਾ। ਜੈਮ ਪੋਰਟਲ ਤੇ ਖਰੀਦ ਕਰਨ ਸਮੇਂ ਜ਼ੋ ਉਸ ਸਮੇ ਉਕਤ ਸਮਾਨ ਦੀ ਅਸਲ ਕੀਮਤ ਹੋਵੇਗੀ ਉਹ ਹੀ ਲਈ ਜਾਵੇਗੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਨਗਰ ਨਿਗਮ ਜਲੰਧਰ ਦਾ ਹਾਊਸ ਦਾ ਸਮਾਂ ਮਿਤੀ 24.01.2023 ਰਾਹੀਂ ਖਤਮ ਹੋ ਗਿਆ ਹੈ। ਇਥੇ ਇਹ ਵਰਨਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ. 02.01.2023-5LG1/68 ਮਿਤੀ. 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਖਤਮ ਹੋਣ ਉਪਰੰਤ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 407-ਏ ਉੱਪ-ਧਾਰਾ-1 ਤਹਿਤ ਨਗਰ ਨਿਗਮ ਹਾਊਸ ਦੀਆਂ ਉੱਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਨਿਯੁੱਕਤ ਕੀਤਾ ਹੈ। ਇਸ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾਂ ਲਈ ਮਤਾ ਭੇਜਿਆ ਜਾ ਸਕੇ।

ਤਜਵੀਜ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.122024.

ਮਤਾ ਨੰਬਰ : 413

ਵਿਸ਼ਾ:— ਈ— ਗਵਰਨਸ ਪ੍ਰੋਜੇਕਟ ਅਧੀਨ ਆਓੁਦੀਆ ਸਰਵਿਸ ਨੂੰ ਨਗਰ ਨਿਗਮ ਦੇ ਦਫਤਰ/ਜ਼ੋਨਲ ਦਫਤਰਾਂ ਆਦਿ ਵਿੱਚ ਲਾਗੂ ਕਰਨ ਲਈ ਕੰਮਪਿਉਟਰ, ਪ੍ਰਿੰਟਰ ਆਦਿ ਦੀ ਖਰੀਦ ਕਰਨ ਸਬੰਧੀ ਸਾਲ 2025 ਲਈ ਤਜਵੀਜ।

ਹਵਾਲਾ:— ਨਗਰ ਨਿਗਮ ਹਾਊਸ ਦੇ ਮਤਾ ਨੰ: 89 ਮਿਤੀ 30।08।2023 ਉਪਰੋਕਤ ਵਿਸ਼ੇ ਦੀ ਲਗਾਤਾਰਤਾ ਵਿੱਚ।

ਪੜਿਆ ਨੋਟ ਸਿਸਟਮ ਮੈਨੇਜਰ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਨਗਰ ਨਿਗਮਾਂ ਵਿੱਚ ਈ— ਗਵਰਨਸ ਪ੍ਰੋਜੇਕਟ ਅਧੀਨ ਆਓੁਦੀਆ ਆਨਲਾਇਨ ਸਰਵਿਸ ਨੂੰ ਸ਼ੁਰੂ ਕੀਤਾ ਗਿਆ ਹੈ।ਜਿਵੇਂ ਕਿ **EPM, e-Naksha, m-Seva, e-Seva, e-Office, e-Procurement, e-Auction, iHRMS, PGRS** ਆਦਿ। ਇਨ੍ਹਾਂ ਪੋਰਟਲ ਤੇ ਕੰਮ ਕਰਨ ਲਈ ਨਗਰ ਨਿਗਮ ਦੇ ਸਟਾਫ ਨੂੰ ਕੰਮਪਿਉਟਰ ਹਾਰਡਵੇਅਰ ਦੀ ਜਰੂਰਤ ਪੈਂਦੀ ਹੈ ਅਤੇ ਇਸ ਤੋ ਇਲਾਵਾ ਹੋਰ ਵੱਖ—ਵੱਖ ਵਿਭਾਗਾਂ ਵੱਲੋ ਕੰਮ ਨੂੰ ਕੰਮਪਿਉਟਰਾਇਜਡ ਕਰਨ ਲਈ ਕੰਮਪਿਉਟਰ ਦੀ ਮੰਗ ਕੀਤੀ ਜਾ ਰਹੀ ਹੈ। ਕਾਫੀ ਹੱਦ ਤਕ ਵਿਭਾਗਾਂ ਅਤੇ ਜ਼ੋਨਲ ਦਫਤਰਾਂ ਨੂੰ ਕੰਮਪਿਉਟਰ ਮੁਹੱਇਆ ਕਰਵਾ ਦਿੱਤੇ ਗਏ ਹਨ ਅਤੇ ਕੁੱਝ ਵਿਭਾਗਾਂ ਦੇ ਕੰਮਪਿਉਟਰ ਬਹੁਤ ਪੁਰਾਣੇ ਹੋ ਚੁੱਕੇ ਹਨ। ਉਹਨਾਂ ਵਲੋਂ ਨਵੇ ਕੰਮਪਿਉਟਰ ਦੀ ਮੰਗ ਕੀਤੀ ਜਾ ਰਹੀ ਹੈ, ਤਾਕਿ ਦਫਤਰੀ ਕੰਮ ਨੂੰ ਕੰਮਪਿਉਟਰਾਇਜਡ ਕੀਤਾ ਜਾਵੇ ਅਤੇ ਰਿਕਾਰਡ ਦੀ ਸਾਂਭ ਸੰਭਾਲ ਕੀਤੀ ਜਾ ਸਕੇ। ਨਗਰ ਨਿਗਮ ਜਲੰਧਰ ਵੱਲੋ ਸਾਲ 2023 ਵਿੱਚ 20 ਕੰਮਪਿਉਟਰ ਸੈਟ ਦੀ ਖਰੀਦ ਕਰਨ ਸਬੰਧੀ ਹਾਊਸ ਦੇ ਮਤਾ ਨੰ: 89 ਮਿਤੀ: 30.8.2023 ਰਾਹੀਂ ਰੁਪਏ: 16,60,000—ਦੀ ਪ੍ਰਵਾਨਗੀ ਲਿਤੀ ਗਈ ਸੀ, ਜਿਸਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਮੀਮੋ ਨੰ: ਸ5—ਡਸਸ—ਮਸਸ—202351502 ਮਿਤੀ 14.09.2023 ਰਾਹੀਂ ਦਿੱਤੀ ਗਈ। ਫੇਸ ਵਾਇਜ ਇਸਦੀ ਖਰੀਦ ਕੀਤੀ ਗਈ ਅਤੇ ਵਿਭਾਗਾਂ ਨੂੰ ਮੁੱਹਇਆ ਕਰਵਾ ਦਿੱਤੇ ਗਏ ਹਨ। ਹੁਣ ਕੰਮਪਿਉਟਰ ਸੈਲ ਦੇ ਸਟਾਕ ਵਿੱਚ ਕੋਈ ਕੰਮਪਿਉਟਰ ਸੈਟ ਨਹੀ ਹੈ। ਹੋਰ ਵਿਭਾਗਾਂ ਦੀ ਮੰਗ ਨੂੰ ਮੱਦੇ ਨਜਰ ਰੱਖਦੇ ਹੋਏ ਕੰਮਪਿਉਟਰ ਸੈਲ ਵੱਲੋ ਸਾਲ 2025 ਲਈ 20 ਕੰਮਪਿਉਟਰ ਸੈਟ ਦੀ ਖਰੀਦ ਕਰਨ ਦੀ ਤਜਵੀਜ ਤਿਆਰ ਕੀਤੀ ਗਈ ਹੈ। ਭਾਰਤ ਸਰਕਾਰ ਦੇ ਜੈਮ ਪੋਰਟਲ ਤੋ ਕੰਮਪਿਉਟਰ, ਪ੍ਰਿੰਟਰ ਆਦਿ ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ।ਇਸ ਦਾ ਤਖਮੀਨਾ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:—

| ਲੜੀ ਨੰ | ਵੇਰਵਾ | ਸੰਖਿਆ | ਰੇਟ (ਪ੍ਰਤੀ ਸਾਮਾਨ) | ਕੁਲ ਕੀਮਤ |
|---|---|---|---|---|
| 1. | AIO ਕੰਮਪਿਉਟਰ ਵਿਦ ਓ.ਐਸ | 20 | 55000/- | 1100000 |
| 2. | ਮਲਟੀਫੰਕਸ਼ਨਰ ਪ੍ਰਿੰਟਰ | 20 | 25000/- | 500000 |
| 3. | ਆਫ—ਲਾਈਨ ਯੂ.ਪੀ.ਐਸ਼ | 20 | 3000/- | 60000 |
| | | | ਕੁਲ ਕੀਮਤ | 1660000 |

ਉਕਤ ਸਮਾਨ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿੱਤਾ ਗਿਆ । ਉਕਤ ਦੀ ਖਰੀਦ ਤੇ ਲਗਭਗ 16,60,000 ਰੁਪਏ ਖਰਚ ਆਏਗਾ। ਜੈਮ ਪੋਰਟਲ ਤੇ ਖਰੀਦ ਕਰਨ ਸਮੇਂ ਜ਼ੋ ਉਸ ਸਮੇ ਉਕਤ ਸਮਾਨ ਦੀ ਅਸਲ ਕੀਮਤ ਹੋਵੇਗੀ ਉਹ ਹੀ ਲਈ ਜਾਵੇਗੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਨਗਰ ਨਿਗਮ ਜਲੰਧਰ ਦਾ ਹਾਊਸ ਦਾ ਸਮਾਂ ਮਿਤੀ 24.01.2023 ਰਾਹੀਂ ਖਤਮ ਹੋ ਗਿਆ ਹੈ। ਇਥੇ ਇਹ ਵਰਨਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ. 02.01.2023-5LG1/68 ਮਿਤੀ. 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਖਤਮ ਹੋਣ ਉਪਰੰਤ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ-1976 ਦੀ ਧਾਰਾ 407-ਏ ਉੱਪ-ਧਾਰਾ-1 ਤਹਿਤ ਨਗਰ ਨਿਗਮ ਹਾਊਸ ਦੀਆਂ ਉੱਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਨਿਯੁੱਕਤ ਕੀਤਾ ਹੈ। ਇਸ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾਂ ਲਈ ਮਤਾ ਭੇਜਿਆ ਜਾ ਸਕੇ।

ਤਜਵੀਜ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 414

ਵਿਸ਼ਾ :- ਵਾਰਡ ਨੰਬਰ 25-26-27-28 ਵਿਚ ਵੱਖ-ਵੱਖ ਥਾਵਾਂ ਤੇ ਐਲਈ.ਡੀ. ਸਟਰੀਟ ਲਾਈਟਾਂ ਲਗਾਉਣ ਲਈ ਸਮਾਨ ਦੀ ਖਰੀਦ ਕਰਨ ਬਾਰੇ। Refer Order no 3479 dated 13-11-24

ਪੜਿਆ ਨੋਟ ਕਾਰਜਕਾਰੀ ਇੰਜੀਨਿਅਰਜ਼(ਓ.ਐਂਡ.ਐਮ) ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨਿਅਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਦਸਿਆ ਜਾਂਦਾ ਹੈ ਕਿ ਜੋਨ ਨੰਬਰ 6 ਦੇ ਹਲਕੇ ਅਧੀਨ ਪੈਂਦੇ ਵਾਰਡ ਨੰਬਰ 25-26-27-28 ਦੇ ਵਸਨੀਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਕਈ ਥਾਂਵਾ ਤੇ ਡਾਰਕ ਸਪੋਰਟ ਹੋਣ ਕਾਰਨ ਰਾਤ ਦੇ ਸਮੇਂ ਕਾਫੀ ਜਿਆਦਾ ਹਨੇਰਾ ਹੁੰਦਾ ਹੈ ਅਤੇ ਕਈ ਥਾਂਵਾ ਤੇ ਸਟਰੀਟ ਲਾਇਟ ਪੁਆਇੰਟ ਵੀ ਖਰਾਬ ਹਨ, ਜਿਸ ਕਾਰਨ ਰਾਤ ਦੇ ਸਮੇਂ ਗਲਤ ਅਨਸਰ ਫਿਰਦੇ ਰਹਿੰਦੇ ਹਨ, ਜਿਸ ਕਰਕੇ ਚੋਰੀਆ / ਲੁਟਮਾਰ ਹੋਣ ਦਾ ਡਰ ਬਣਿਆ ਰਹਿੰਦਾ ਹੈ, ਇਸ ਲਈ ਕਿਸੇ ਹਾਦਸੇ ਨੂੰ ਰੋਕਣ ਲਈ ਇਹਨਾਂ ਇਲਾਕਿਆਂ ਵਿਚ ਐਲ.ਈ.ਡੀ. ਲਾਈਟ ਪੁਆਇੰਟ ਲਗਵਾਏ ਜਾਣੇ ਅਤਿ ਜਰੂਰੀ ਹਨ ਤਾਂ ਜੋ ਕਈ ਅਣ ਸੁਖਾਵੀ ਦੁਰਘਟਨਾਂ ਨਾਂ ਹੋਵੇ। ਇਥੋਂ ਇਹ ਵੀ ਦਸਣਯੋਗ ਹੈ ਕਿ ਜੋ ਪੁਰਾਨਿਆਂ ਲਾਇਟਾਂ ਦੀਆਂ ਕੰਪਲੈਟ ਆ ਰਹਿਆ ਹਨ ਉਹ ਰਿਪੇਅਰ ਹੋਣ ਯੋਗ ਨਹੀਂ ਹਨ। ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਐਲ.ਈ.ਡੀ. ਲਾਈਟਾਂ ਲਗਵਾਉਣ ਲਈ ਤਖਮੀਨਾਂ ਰੁਪਏ 2,49,954 ਦਾ ਤਿਆਰ ਕੀਤਾ ਗਿਆ ਹੈ। ਇਹ ਸਮਾਨ ਇਸ ਵਕਤ ਸਟੋਰ ਵਿਚ ਉਪਲੱਬਧ ਨਹੀਂ ਹੈ। ਸਮਾਨ ਦੀ ਡੀਟੇਲ ਤਖਮੀਨੇ ਵਿਚ ਦਰਜ ਹੈ। ਇਹ ਕੰਮ Punjab Transparency and Accountability Act 2022 ਦੀ ਧਾਰਾ 33(2) / 26 ਤਹਿਤ ਕੀਤਾ ਜਾਣਾ ਹੈ।

ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਇਹਨਾਂ ਥਾਂਵਾ ਤੇ ਲਾਇਟ ਪੁਆਇੰਟਾਂ ਨੂੰ ਲਗਵਾਉਣਾ ਅਤਿ ਜਰੂਰੀ ਹੈ ਤਾਂ ਜੋ ਕੋਈ ਅਣ ਸੁਖਾਵੀ ਦੁਰਘਟਨਾਂ ਨਾਂ ਹੋਵੇ। ਇਸ ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਮਾਰਕਿਟ ਵਿਚ ਵੱਖ ਵੱਖ ਫਰਮਾਂ ਤੋ ਕੁਟੇਸ਼ਨਾਂ ਲਈਆਂ ਗਈਆਂ ਜਿਨ੍ਹਾਂ ਵਿਚ ਘੱਟ ਰੇਟ ਦੀ ਕੁਟੇਸ਼ਨ ਮੈਸਰਜ ਗੁਪਤਾ ਇਲੈਕਟ੍ਰੀਕ ਸਟੋਰ ਦੀ ਵਸੂਲ ਪਾਈ ਗਈ ਜੋ ਇਸ ਸਮਾਨ ਦੀ ਸਪਲਾਈ ਐਜ ਪਰ ਐਸਟੀਮੇਟ ਰੁਪਏ 2,47,454/- ਵਿਚ ਕਰਨਗੇ। ਇਹ ਰੇਟ ਘੱਟ ਤੇ ਵਾਜਬ ਹਨ। ਇਸ ਲਈ ਉਪਰੋਕਤ ਅਨੁਸਾਰ ਤਖਮੀਨੇ ਦੀ ਪਹਿਲ ਦੇ ਅਧਾਰ ਤੇ ਪ੍ਰਵਾਨਗੀ ਦਿੱਤੀ ਜਾਵੇਜੀ ਅਤੇ ਨਾਲ ਹੀ ਕੰਮ ਕਰਵਾਉਣ ਉਪਰੰਤ ਅਦਾਇਗੀ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਵੇਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਇਹਨਾਂ ਤਖਮੀਨਿਆ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾ ਲਈ ਮਤਾ ਭੇਜਿਆ ਜਾ ਸਕੇ।

ਤੱਖਮੀਨੇ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 415

ਵਿਸ਼ਾ :- ਵਾਰਡ ਨੰਬਰ 21-22-23-24 ਵਿਚ ਵੱਖ-ਵੱਖ ਥਾਵਾਂ ਤੇ ਐਲ.ਈ.ਡੀ. ਸਟਰੀਟ ਲਾਈਟਾਂ ਲਗਾਉਣ ਲਈ ਸਮਾਨ ਦੀ ਖਰੀਦ ਕਰਨ ਬਾਰੇ। Refer Deder no 3479 dated 13.11.24

ਪੜਿਆ ਨੋਟ ਕਾਰਜਕਾਰੀ ਇੰਜੀਨਿਅਰਜ਼(ਓ.ਐਂਡ.ਐਮ) ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨਿਅਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਦਸਿਆ ਜਾਂਦਾ ਹੈ ਕਿ ਜੋਨ ਨੰਬਰ 6 ਦੇ ਹਲਕੇ ਅਧੀਨ ਪੈਂਦੇ ਵਾਰਡ ਨੰਬਰ 21-22-23-24 ਦੇ ਵਸਨੀਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਕਈ ਥਾਵਾ ਤੇ ਡਾਰਕ ਸਪੋਰਟ ਹੋਣ ਕਾਰਨ ਰਾਤ ਦੇ ਸਮੇਂ ਕਾਫੀ ਜਿਆਦਾ ਹਨੇਰਾ ਹੁੰਦਾ ਹੈ ਅਤੇ ਕਈ ਥਾਂਵਾ ਤੇ ਸਟਰੀਟ ਲਾਇਟ ਪੁਆਇੰਟ ਵੀ ਖਰਾਬ ਹਨ, ਜਿਸ ਕਾਰਨ ਰਾਤ ਦੇ ਸਮੇਂ ਗਲਤ ਅਨਸਰ ਫਿਰਦੇ ਰਹਿੰਦੇ ਹਨ, ਜਿਸ ਕਰਕੇ ਚੋਰੀਆਂ / ਲੁਟਮਾਰ ਹੋਣ ਦਾ ਡਰ ਬਣਿਆ ਰਹਿੰਦਾ ਹੈ, ਇਸ ਲਈ ਕਿਸੇ ਹਾਦਸੇ ਨੂੰ ਰੋਕਣ ਲਈ ਇਹਨਾਂ ਇਲਾਕਿਆ ਵਿਚ ਐਲ.ਈ.ਡੀ ਲਾਈਟ ਪੁਆਇੰਟ ਲਗਵਾਏ ਜਾਣੇ ਅਤਿ ਜਰੂਰੀ ਹਨ ਤਾਂ ਜੋ ਕੋਈ ਅਣ ਸੁਖਾਵੀ ਦੁਰਘਟਨਾ ਨਾ ਹੋਵੇ। ਇਥੇ ਇਹ ਵੀ ਦਸਣਯੋਗ ਹੈ ਕਿ ਜੋ ਪੁਰਾਨਿਆ ਲਾਇਟਾ ਦੀਆ ਕੰਪਲੇਟ ਆ ਰਹਿਆ ਹਨ ਉਹ ਰਿਪੇਅਰ ਹੋਣ ਯੋਗ ਨਹੀ ਹਨ। ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਐਲ.ਈ.ਡੀ. ਲਾਈਟਾ ਲਗਵਾਉਣ ਲਈ ਤਖਮੀਨਾਂ ਰੁਪਏ 2,49,836/- ਦਾ ਤਿਆਰ ਕੀਤਾ ਗਿਆ ਹੈ। ਇਹ ਸਮਾਨ ਇਸ ਵਕਤ ਸਟੋਰ ਵਿਚ ਉਪਲੱਬਧ ਨਹੀਂ ਹੈ। ਸਮਾਨ ਦੀ ਡੀਟੇਲ ਤਖਮੀਨੇ ਵਿਚ ਦਰਜ ਹੈ। ਇਹ ਕੰਮ Punjab Transparency and Accountability Act 2022 ਦੀ ਧਾਰਾ 33(2) / 26 ਤਹਿਤ ਕੀਤਾ ਜਾਣਾ ਹੈ।

ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਇਹਨਾ ਥਾਵਾ ਤੇ ਲਾਇਟ ਪੁਆਇੰਟਾ ਨੂੰ ਲਗਵਾਉਣਾ ਅਤਿ ਜਰੂਰੀ ਹੈ ਤਾਂ ਜੇ ਕੋਈ ਅਣ ਸੁਖਾਵੀ ਦੁਰਘਟਨਾਂ ਨਾਂ ਹੋਵੇ। ਇਸ ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਮਾਰਕਿਟ ਵਿਚੋ ਵੱਖ ਵੱਖ ਫਰਮਾਂ ਤੋ ਕੁਟੇਸ਼ਨਾ ਲਈਆ ਗਈਆਂ ਜਿਨ੍ਹਾਂ ਵਿਚੋ ਘੱਟ ਰੇਟ ਦੀ ਕੁਟੇਸ਼ਨ ਮੈਸਰਜ ਗੁਪਤਾ ਇਲੈਕਟ੍ਰੀਕ ਸਟੋਰ ਦੀ ਵਸੂਲ ਪਾਈ ਗਈ ਜੋ ਇਸ ਸਮਾਨ ਦੀ ਸਪਲਾਈ ਅੱਜ ਪਰ ਐਸਟੀਮੇਟ ਰੁਪਏ 2,47,338/- ਵਿਚ ਕਰਨਗੇ। ਇਹ ਰੇਟ ਘੱਟ ਤੇ ਵਾਜਬ ਹਨ। ਇਸ ਲਈ ਉਪਰੋਕਤ ਅਨੁਸਾਰ ਤਖਮੀਨੇ ਦੀ ਪਹਿਲ ਦੇ ਅਧਾਰ ਤੇ ਪ੍ਰਵਾਨਗੀ ਦਿੱਤੀ ਜਾਵੇਜੀ ਅਤੇ ਨਾਲ ਹੀ ਕੰਮ ਕਰਵਾਉਣ ਉਪਰੰਤ ਅਦਾਇਗੀ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਵੇਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਇਹਨਾਂ ਤਖਮੀਨਿਆ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾ ਲਈ ਮਤਾ ਭੇਜਿਆ ਜਾ ਸਕੇ।

ਤੱਖਮੀਨੇ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 416

ਵਿਸ਼ਾ :- Supply & Erection and repair of Semi/High Mast Lights in various chowk. Round abouts of north constituency.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰਜ਼(ਓ.ਐਂਡ.ਐਮ) ਜਿਸ ਦੀ ਸਿਫਾਰਸ਼ ਨਿਗਰਾਨ ਇੰਜੀਨਿਅਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਦਸਿਆ ਜਾਦਾ ਹੈ ਕਿ ਜੋਨ ਨੰਬਰ 7 ਦੇ ਹਲਕੇ ਅਧੀਨ ਪੈਂਦੇ ਦੋਆਬਾ ਚੌਕ, ਲੰਮਾ ਪਿੰਡ ਚੌਕ, ਕਿਸ਼ਨ ਪੂਰਾ ਚੌਕ, ਰੇਰੂ ਪਿੰਡ ਚੱਕ ਅਤੇ ਸ੍ਰੀ ਹਨੁਮਾਨ ਮੰਦਿਰ ਚੌਂਕ ਨੇੜੇ ਸ੍ਰੀ ਦੇਵੀ ਤਲਾਬ ਮੰਦਿਰ ਰੋਡ ਦੇ ਵਸਨੀਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਕਈ ਥਾਂਵਾ ਤੇ ਮੇਨ ਚੌਂਕਾ ਵਿਚ ਡਾਰਕ ਸਪੋਰਟ ਹੋਣ ਕਾਰਨ ਰਾਤ ਦੇ ਸਮੇਂ ਕਾਫੀ ਜਿਆਦਾ ਹਨੇਰਾ ਹੁੰਦਾ ਹੈ ਅਤੇ ਕਈ ਥਾਂਵਾ ਤੇ ਹਾਈ ਮਾਸਟ ਲਾਇਟ ਪੁਆਇੰਟ ਵੀ ਖਰਾਬ ਹਨ, ਜਿਸ ਕਾਰਨ ਰਾਤ ਦੇ ਸਮੇਂ ਗਲਤ ਅਨਸਰ ਫਿਰਦੇ ਰਹਿੰਦੇ ਹਨ, ਜਿਸ ਕਰਕੇ ਚੋਰੀਆ / ਲੂਟਮਾਰ ਹੋਣ ਦਾ ਡਰ ਬਣਿਆ ਰਹਿੰਦਾ ਹੈ, ਇਸ ਲਈ ਕਿਸੇ ਹਾਦਸੇ ਨੂੰ ਰੋਕਣ ਲਈ ਇਹਨਾਂ ਇਲਾਕਿਆਂ ਵਿਚ ਐਲ.ਈ.ਡੀ. ਫਲੁਡ ਲਾਈਟ ਪੁਆਇੰਟ ਲਗਵਾਏ ਜਾਣੇ ਅਤੇ ਪੁਰਾਣੇ ਲਗੇ ਹੋਏ ਹਾਈ ਮਾਸਟ ਪੁਆਇਟ ਜੋਕਿ ਕਾਫ਼ੀ ਸਮੇਂ ਤੋਂ ਬੰਦ ਹਨ ਨੂੰ ਰਿਪੇਅਰ ਕਰਵਾਇਆ ਜਾਣਾ ਅਤਿ ਜਰੂਰੀ ਹੈ ਤਾਂ ਜੋ ਕੋਈ ਅਣ ਸੁਖਾਵੀ ਦੁਰਘਟਨਾਂ ਨਾਂ ਹੋਵੇ। ਇਥੋਂ ਇਹ ਵੀ ਦਸਣਯੋਗ ਹੈ ਕਿ ਜੋ ਪੁਰਾਨਿਆ ਲਾਇਟਾਂ ਦੀਆਂ ਕੰਪਲੇਟ ਆ ਰਹਿਆਂ ਹਨ ਉਹ ਰਿਪੇਅਰ ਹੋਣ ਯੋਗ ਨਹੀਂ ਹਨ। ਇਸ ਲਈ ਉਪਰੋਕਤ ਨੂੰ ਮੁੱਖ ਰਖਦੇ ਹੋਏ ਐਲ.ਈ.ਡੀ. ਫ਼ਲਡ ਲਾਈਟਾਂ ਲਗਵਾਉਣ ਲਈ ਅਤੇ ਪੁਰਾਣੇ ਹਾਈ ਮਾਸਟ ਲਾਇਟ ਪੁਆਇੰਟ ਰਿਪੇਅਰ ਕਰਨ ਲਈ ਤਖਮੀਨਾਂ ਰੁਪਏ 4,98,563/- ਦਾ ਤਿਆਰ ਕੀਤਾ ਗਿਆ ਹੈ। ਇਹ ਸਮਾਨ ਇਸ ਵਕਤ ਸਟੋਰ ਵਿਚ ਉਪਲੱਬਧ ਨਹੀ ਹੈ। ਸਮਾਨ ਦੀ ਡੀਟੇਲ ਤਖਮੀਨੇ ਵਿਚ ਦਰਜ ਹੈ। ਇਹ ਕੰਮ Punjab Transparency and Accountability Act 2022 ਦੀ ਧਾਰਾ 33(2) / 26 ਤਹਿਤ ਕੀਤਾ ਜਾਣਾ ਹੈ।

ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਇਹਨਾਂ ਥਾਂਵਾ ਤੇ ਲਾਇਟ ਪੁਆਇੰਟਾ ਨੂੰ ਲਗਵਾਉਣਾ ਅਤਿ ਜਰੂਰੀ ਹੈ ਤਾਂ ਜੋ ਕੋਈ ਅਣ ਸੁਖਾਵੀ ਦੁਰਘਟਨਾਂ ਨਾਂ ਹੋਵੇ। ਇਸ ਕੰਮ ਦੀ ਮਹੱਤਤਾ ਮੁੱਖ ਰਖਦੇ ਹੋਏ ਮਾਰਕਿਟ ਵਿਚੋ ਵੱਖ ਵੱਖ ਫਰਮਾਂ ਤੋ ਕੁਟੇਸ਼ਨਾ ਲਈਆ ਗਈਆਂ ਜਿਨ੍ਹਾਂ ਵਿਚੋਂ ਘੱਟ ਰੇਟ ਦੀ - ਕੁਟੇਸ਼ਨ ਮੈਸਰਜ ਗੁਪਤਾ ਇਲੈਕਟ੍ਰੀਕ ਸਟੋਰ ਦੀ ਵਸੂਲ ਪਾਈ ਗਈ ਜੋ ਇਸ ਸਮਾਨ ਦੀ ਸਪਲਾਈ ਐਜ ਪਰ ਐਸਟੀਮੇਟ ਲੈਸ 1% ਰੁਪਏ 4,93,577/- ਵਿਚ ਕਰਨਗੇ । ਇਹ ਰੇਟ ਘੱਟ ਤੇ ਵਾਜਬ ਹਨ । ਇਸ ਲਈ ਉਪਰੋਕਤ ਅਨੁਸਾਰ ਤਖਮੀਨੇ ਦੀ ਪਹਿਲ ਦੇ ਅਧਾਰ ਤੇ ਪ੍ਰਵਾਨਗੀ ਦਿੱਤੀ ਜਾਵੇਜੀ ਅਤੇ ਨਾਲ ਹੀ ਕੰਮ ਕਰਵਾਉਣ ਉਪਰੰਤ ਅਦਾਇਗੀ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ ਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਇਹਨਾਂ ਤਖਮੀਨਿਆ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾ ਲਈ ਮਤਾ ਭੇਜਿਆ ਜਾ ਸਕੇ।

ਤੱਖਮੀਨੇ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 417

**ਵਿਸ਼ਾ :-** **Supply & Erection of Rope Lights & Decoration Lights and Flood Lights in various chowk. Round abouts of north constituency.**

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਦਸਿਆ ਜਾਂਦਾ ਹੈ ਕਿ ਜੋਨ ਨੰਬਰ 7 ਦੇ ਹਲਕੇ ਅਧੀਨ ਪੈਂਦੇ ਲੰਮਾਂ ਪਿੰਡ ਚੌਂਕ ਤੋਂ ਕਿਸ਼ਨਪੁਰਾ ਚੌਂਕ ਤੱਕ ਅਤੇ ਮਸਤ ਰਾਮ ਪਾਰਕ ਨੇੜੇ ਮਾਤਾ ਚਿੰਤਪੂਰਨੀ ਮੰਦਿਰ ਸੁਭਾਸ਼ ਨਗਰ ਅਤੇ ਦੋਆਬਾ ਚੌਂਕ ਦੇ ਨੇੜੇ ਸ਼੍ਰੀ ਦੇਵੀ ਤਲਾਬ ਮੰਦਿਰ ਰੋਡ ਦੇ ਵਸਨੀਕਾਂ ਵੱਲੋ ਮੰਗ ਕੀਤੀ ਜਾ ਰਹੀ ਹੈ ਕਿ ਕਈ ਥਾਂਵਾ ਤੇ ਰੋਡਾਂ ਅਤੇ ਮੇਨ ਚੌਕਾਂ ਵਿਚ ਡਾਰਕ ਸਪੋਰਟ ਹੋਣ ਕਾਰਨ ਰਾਤ ਦੇ ਸਮੇ ਕਾਫੀ ਜਿਆਦਾ ਹਨੇਰਾ ਹੁੰਦਾ ਹੈ ਅਤੇ ਕਈ ਥਾਂਵਾ ਤੇ ਹਾਈ ਮਾਸਟ ਲਾਇਟ ਪੁਆਂਇੰਟ ਵੀ ਖਰਾਬ ਹਨ, ਜਿਸ ਕਾਰਨ ਰਾਤ ਦੇ ਸਮੇ ਗਲਤ ਅਨਸਰ ਫਿਰਦੇ ਰਹਿੰਦੇ ਹਨ, ਜਿਸ ਕਰਕੇ ਚੋਰੀਆਂ /ਲੁਟਮਾਰ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਸ ਲਈ ਕਿਸੇ ਹਾਦਸੇ ਨੂੰ ਰੋਕਣ ਲਈ ਇਹਨਾਂ ਇਲਾਕਿਆਂ ਵਿਚ ਐਲ.ਈ.ਡੀ. ਫਲਡ ਲਾਈਟ ਪੁਆਇੰਟ ਲਗਵਾਏ ਜਾਣੇ ਅਤੇ ਪੁਰਾਣੇ ਲਗੇ ਹੋਏ ਹਾਈ ਮਾਸਟ ਪੁਆਂਇਟ ਜ਼ੋ ਕਿ ਕਾਫੀ ਸਮੇ ਤੋਂ ਬੰਦ ਹਨ, ਜਿਸ ਨੂੰ ਰਿਪੇਅਰ ਕਰਵਾਇਆ ਜਾਣਾ ਅਤਿ ਜਰੂਰੀ ਹੈ ਤਾਂ ਜੋ ਕੋਈ ਅਣ ਸੁਖਾਵੀ ਦੁਰਘਟਨਾਂ ਨਾਂ ਹੋਵੇ। ਇਥੇ ਇਹ ਵੀ ਦਸਣਯੋਗ ਹੈ ਕਿ ਜੋ ਪੁਰਾਨਿਆਂ ਲਾਇਟਾਂ ਦੀਆਂ ਕੰਪਲੇਟ ਆ ਰਹਿਆਂ ਹਨ ਉਹ ਰਿਪੇਅਰ ਹੋਣ ਯੋਗ ਨਹੀ ਹਨ। ਇਸ ਲਈ ਉਪਰੋਕਤ ਨੂੰ ਮੁੱਖ ਰਖਦੇ ਹੋਏ ਐਲ.ਈ.ਡੀ. ਫਲਡ ਲਾਈਟਾਂ ਲਗਵਾਉਣ ਲਈ ਅਤੇ ਪੁਰਾਣੇ ਹਾਈ ਮਾਸਟ ਲਾਇਟ ਪੁਆਂਇੰਟ ਰਿਪੇਅਰ ਕਰਨ ਲਈ ਤਖਮੀਨਾਂ ਰੁਪਏ 2,49,240/- ਦਾ ਤਿਆਰ ਕੀਤਾ ਗਿਆ ਹੈ। ਇਹ ਸਮਾਨ ਇਸ ਵਕਤ ਸਟੋਰ ਵਿਚ ਉਪਲੱਬਧ ਨਹੀ ਹੈ। ਸਮਾਨ ਦੀ ਡੀਟੇਲ ਤਖਮੀਨੇ ਵਿਚ ਦਰਜ ਹੈ। ਇਹ ਕੰਮ Punjab Transparency and Accountability Act 2022 ਦੀ ਧਾਰਾ 33(2) 26 ਤਹਿਤ ਕੀਤਾ ਜਾਣਾ ਹੈ।

ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰਖਦੇ ਹੋਏ ਇਹਨਾਂ ਥਾਂਵਾ ਤੇ ਲਾਇਟ ਪੁਆਇੰਟਾ ਨੂੰ ਲਗਵਾਉਣਾ ਅਤਿ ਜਰੂਰੀ ਹੈ ਤਾਂ ਜੋ ਕੋਈ ਅਣ ਸੁਖਾਵੀ ਦੁਰਘਟਨਾਂ ਨਾਂ ਹੋਵੇ। ਇਸ ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਮਾਰਕਿਟ ਵਿਚੋ ਵੱਖ ਵੱਖ ਫਰਮਾਂ ਤੋਂ ਕੁਟੇਸ਼ਨਾਂ ਲਈਆ ਗਈਆਂ ਜਿਨ੍ਹਾਂ ਵਿਚੋ ਘੱਟ ਰੇਟ ਦੀ ਕੁਟੇਸ਼ਨ ਮੈਸਰਜ ਗੁਪਤਾ ਇਲੈਕਟ੍ਰੀਕ ਸਟੋਰ ਦੀ ਵਸੂਲ ਪਾਈ ਗਈ ਜੋ ਇਸ ਸਮਾਨ ਦੀ ਸਪਲਾਈ ਐਜ ਪਰ ਐਸਟੀਮੇਟ ਲੈਸ 1% ਰੁਪਏ 2,46,748/- ਵਿਚ ਕਰਨਗੇ । ਇਹ ਰੇਟ ਘੱਟ ਤੇ ਵਾਜਬ ਹਨ। ਇਸ ਲਈ ਉਪਰੋਕਤ ਅਨੁਸਾਰ ਤਖਮੀਨੇ ਦੀ ਪਹਿਲ ਦੇ ਅਧਾਰ ਤੇ ਪ੍ਰਵਾਨੱਗੀ ਦਿੱਤੀ ਜਾਵੇਜੀ ਅਤੇ ਨਾਲ ਹੀ ਕੰਮ ਕਰਵਾਉਣ ਉਪਰੰਤ ਅਦਾਇਗੀ ਕਰਨ ਦੀ ਪ੍ਰਵਾਨੱਗੀ ਵੀ ਦਿੱਤੀ ਜਾਵੇਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਇਹਨਾਂ ਤਖਮੀਨਿਆ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾ ਲਈ ਮਤਾ ਭੇਜਿਆ ਜਾ ਸਕੇ।

ਤੱਖਮੀਨੇ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 418

ਵਿਸ਼ਾ:- Details of Estimate for Hiring Manpower Road Gully Cleaner (sewerman) for (North) Consistency Works on Outsource Basis for 1 Months

Est. Amount Rs. 03,03,429/-

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਜੋਨ ਨੰਬਰ 7 ਨੋਰਥ ਹਲਕੇ ਅਧੀਨ ਪੈਂਦੇ ਵੱਖ-ਵੱਖ ਇਲਾਕਿਆ ਵਿੱਚ ਪਾਣੀ ਖੜਾ ਹੋਣ ਦੀ ਕਾਫੀ ਜਿਆਦਾ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ, ਜਿਸ ਦੇ ਕਾਰਨ ਆਮ ਪਬਲਿੱਕ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਜੋਨ ਅਧੀਨ ਪੈਂਦੇ ਵੱਖ-ਵੱਖ ਇਲਾਕਿਆਂ ਵਿੱਚ ਰੋਡ ਗੱਲੀਆਂ ਦੀ ਸਫਾਈ ਕਰਵਾਉਂਣੀ ਅਤਿ ਜਰੂਰੀ ਹੈ। ਕਿਉਂ ਜੋ ਨਗਰ ਨਿਗਮ ਵਿੱਚ ਸਟਾਫ ਦੀ ਕਮੀ ਹੈ, ਇਸ ਲਈ ਇਹ ਕੰਮ ਆਉਟ ਸੋਰਸ ਅਜੰਸੀ ਰਾਹੀਂ 20 ਮੈਨਪਾਵਰ 1 ਮਹੀਨੀਆਂ ਵਾਸਤੇ ਰੱਖ ਕੇ ਕਰਵਾਉਣ ਲਈ ਰੁਪਏ 03,03,429/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ। ਇਹ ਕੰਮ Punjab Transparency and Accountability Act 2022 ਦੀ ਧਾਰਾ 33(2)/26 ਦੇ ਤਹਿਤ ਕੀਤਾ ਜਾਣਾ ਹੈ।ਇਸ ਲਈ ਪਬਲਿੱਕ ਹਿੱਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਸਚਾਰੂ ਢੰਗ ਨਾਲ ਚਲਾਉਣ ਵਾਸਤੇ ਇਹ ਕੰਮ ਬਹੁਤ ਹੀ ਐਮਰਜੇਂਸੀ ਹੋਣ ਕਰਕੇ ਕਰਵਾਇਆ ਜਾਣਾ ਜਰੂਰੀ ਹੈ, ਸਮਾਂ ਘੱਟ ਹੋਣ ਕਰਕੇ ਟੈਂਡਰਿੰਗ ਪ੍ਰੀਕ੍ਰਿਆ ਨਹੀਂ ਅਪਣਾਈ ਜਾ ਸਕਦੀ। ਇਸ ਲਈ ਪਬਲਿੱਕ ਹਿੱਤ ਅਤੇ ਕੰਮ ਦੀ ਮਹੁੱਤਤਾ ਨੂੰ ਮੁੱਖ ਰੱਖਦੇ ਹੋਏ ਮਾਰਕਿਟ ਵਿੱਚ ਕੁਟੈਸ਼ਨਾ ਲੈ ਕੇ ਘੱਟ ਤੇ ਵਾਜਿਬ ਰੇਟਾਂ ਵਾਲੀ ਫਰਮ ਮੈਸ: ਗੁਪਤਾ ਇਲੈਕਟ੍ਰੀਕ ਸਟੋਰ ਦੀ ਪਾਈ ਗਈ, ਜੋ ਕਿ as per estimate Contractor Profit ਤੇ 1% ਘੱਟ ਤੇ ਕਰੇਗਾ, ਜਿਸ ਦੀ ਪ੍ਰਵਾਨਗੀ ਦਿੱਤੀ ਜਾਵੇ ਅਤੇ ਨਾਲ ਹੀ ਕੰਮ ਪੂਰਾ ਹੋਣ ਉਪਰੰਤ ਫਰਮ ਨੂੰ ਅਦਾਇਗੀ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਜਾਵੇ ਜੀ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਇਹਨਾਂ ਤਖਮੀਨਿਆ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾ ਲਈ ਮਤਾ ਭੇਜਿਆ ਜਾ ਸਕੇ।

ਤੱਖਮੀਨੇ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024

ਮਤਾ ਨੰਬਰ : 419

ਵਿਸਾ:- ਜ਼ੋਨ ਨੰਬਰ 1, 9, 5 **ਅਤੇ** 3 ਅਧੀਨ ਪੈਂਦੇ ਵੱਖ-ਵੱਖ ਇਲਾਕਿਆਂ ਵਿੱਚ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਜ਼ੋਨ ਨੰਬਰ 1, **9, 5 ਅਤੇ 3** ਅਧੀਨ ਪੈਂਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਾਫੀ ਜਿਆਦਾ ਸਮਸਿਆ ਪੇਸ਼ ਆ ਰਹੀ ਹੈ। ਇਸ ਲਈ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਦੇਣ ਵਾਸਤੇ ਵੱਖ-ਵੱਖ ਇਲਾਕਿਆਂ ਵਿੱਚ ਟਿਊਬਵੈਲ ਲਗਾਉਣ ਦੀ ਜਰੂਰਤ ਹੈ ਅਤੇ ਇਸ ਦੇ ਨਾਲ ਨਾਲ ਲੋਕਾਂ ਨੂੰ ਸੀਵਰ ਅਤੇ ਪੀਣ ਵਾਲੇ ਪਾਣੀ ਦੀ ਸੱਮਸਿਆ ਨੂੰ ਹਲ ਕਰਵਾਉਣ ਦੀ ਬਹੁਤ ਜ਼ਰੂਰਤ ਹੈ । ਇਹ ਕੰਮ ਕਰਵਾਉਣ ਵਾਸਤੇ ਹਲਕਾ **ਐਮ.ਐਲ.ਏ** (ਜਲੰਧਰ **ਸੈਂਟਰਲ**) ਜੀ ਵਲੋਂ ਆਪਣੇ ਪੱਤਰ ਰਾਹੀਂ ਸਿਫਾਰਸ਼ ਕੀਤੀ ਗਈ ਹੈ। ਇਸ ਲਈ ਵੱਖ-ਵੱਖ ਇਲਾਕਿਆਂ ਵਿੱਚ ਤਖਮੀਨੇ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:-

| Sr. No. | Name of Work | Est. Amount |
|---|---|---|
| 1 | **ਜ਼ੋਨ ਨੰਬਰ 1 ਅਧੀਨ ਪੈਂਦੇ ਵਾਰਡ ਨੰਬਰ 51 ਦੀ ਟੈਂਚੀ ਵਾਲੀ ਗਲੀ ਵਿਖੇ ਨਵਾਂ** 8" (200mm) **ਸਟਰੇਟ ਹੈਂਡ ਬੋਰ ਟਿਊਬਵੈਲ ਬਾਰੇ (ਰਿਪਲੈਸਮੈਂਟ)** | 14,96,590/- |
| 2 | P/I of 200 mm dia Straight Hand Bore Tubewell inc, Civil Mechanical and Electrical work at Simran Enclave Ward No. 12 Zone No.9 | 17,76,455/- |
| 3 | **ਜ਼ੋਨ ਨੰਬਰ 1 ਅਧੀਨ ਪੈਂਦੇ ਵਾਰਡ ਨੰਬਰ** 54 **ਦੇ ਕਾਜੀ ਮੁਹੱਲਾ ਵਿੱਖੇ ਨਵਾਂ** 8" (200mm) **ਸਟਰੇਟ ਹੈਂਡ ਬੋਰ ਟਿਊਬਵੈਲ ਲਗਵਾਉਣ ਬਾਰੇ (ਰਿਪਲੇਸਮੈਂਟ)** | 24,66,331/- |
| 4 | Providing and Laying of 10" dia UPVC Pipes ISI Marked Sewer Pipe Line and DI K-7 Water Supply Line in Bharat Nagar, Ekta Nagar Chuggiti in Ward No. 16 Zone No.5 | 24,60,619/- |
| 5 | Estimate for O&M of Temporary Sewage Disposal in Dhanowali under Zone No.09 for 5 Years | 26,20,422/- |
| 6 | P/I of 200 mm dia Straight Hand Bore Tubewell inc, Civil Mechanical and Electrical work at New Joginder Nagar (Replacement) Ward No.09 Zone No.09 Rama Mandi | 17,98,987/- |
| 7 | Providing and Laying of 10" dia UPVC Pipes ISI Marked Sewer Pipe Line and DI K-7 Water Supply Line in Kaki Pind, New Joginder Nagar, Datar Nagar & Kohinoor Enclave Ward No. 09 Zone No.09 | 10,85,682/- |
| 8 | Providing and Laying of 10" dia UPVC Pipes ISI Marked Sewer Pipe Line and DI K-7 Water Supply Line in Moti Bagh, Silver Enclave, Basant Vihar, Sunshine Enclave, Partap Palace to Preet Enclave, Kot Ram Dass, Radhe Radhe Enclave Ward No.07 Zone No.09 | 47,97,197/- |
| 9 | Providing and Laying of 10" dia UPVC Pipes ISI Marked Sewer Pipe Line and DI K-7 Water Supply Line in Dhanpwali, Arora Colony, Arman Nagar & Diamond City in Ward No. 10 & 12 falling in Zone No.09 | 44,48,958/- |
| 10 | Providing and Laying of 10" dia UPVC Pipes ISI Marked Sewer Pipe Line and DI K-7 Water Supply Line in Barring, Mehnga Singh Colony, Panch Sheel Avenue & Modern Estate Ward No. 11 Zone No. 09 | 49,37,843/- |
| 11 | Providing and Laying of 10" dia UPVC Pipes ISI Marked Sewer Pipe Line Chuggiti Chowk to Avtar Nagar Service Road at Ward No. 14 Zone No. 05 | 4,24,487/- |
| 12 | Providing and Laying of 8" (150mm) DI Pipe Line in Saraswati vihar Ward No. 68 falling under Zone No. 03 Mini Lal Ratan | 4,65,282.00/- |
| 13 | Desilting and Cleaning of 8",12" and 24",36" sewer and Manholes of Mohalla Sangat Singh Nagar, Bagh Barian, Abadpura and Makhdumpura falling Under Zone No.3 Mini Lal Ratan | 18,39,398.00/- |
| 14 | P/I of 200 mm dia Straight Hand Bore Tubewell inc, Civil Mechanical and Electrical work at Paragpur Ward No.11 Zone No.09 | 15,68,955/- |

ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖਰ ਕੀਤੇ ਹਨ। ਇੱਥੇ ਇਹ ਵਰਨਣ ਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਨੋਟੀਫੀਕੇਸ਼ਨ ਨੰ: 02.01.2023-5lg1/68 Dt 25.01.2023 ਰਾਹੀਂ ਨਗਰ ਨਿਗਮ ਹਾਊਸ ਦੀ ਮਿਆਦ ਮਿਤੀ 24.1.2023 ਨੂੰ ਖਤਮ ਹੋਣ ਉਪਰੰਤ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ—1976 ਦੀ ਧਾਰਾ 407—ਏ ਉੱਪ—ਧਾਰਾ—1 ਤਹਿਤ

ਨਗਰ ਨਿਗਮ ਹਾਊਸ ਦੀਆਂ ਉਕਤ ਐਕਟ ਵਿੱਚ ਦਰਜ ਸਾਰੀਆਂ ਸ਼ਕਤੀਆਂ ਨੂੰ ਇਸਤੇਮਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਨੂੰ ਬਤੌਰ ਐਡਮਿਨਿਸਟ੍ਰੇਟਰ ਨਿਯੁਕਤ ਕੀਤਾ ਹੈ। ਇਹਨਾਂ ਤਖਮੀਨਿਆ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਉਸ ਉਪਰੰਤ ਸਰਕਾਰ ਨੂੰ ਸੂਚਨਾ ਲਈ ਮਤਾ ਭੇਜਿਆ ਜਾ ਸਕੇ।

ਤੱਖਮੀਨੇ ਮਾਨਯੋਗ ਐਡਮਿਨਿਸਟ੍ਰੇਟਰ ਜੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ ।

ਸਹੀ/—ਗੌਤਮ ਜੈਨ, ਆਈ.ਐਸ.ਏ.

ਐਡਮਿਨਿਸਟ੍ਰੇਟਰ

ਨਗਰ ਨਿਗਮ, ਜਲੰਧਰ

5.12.2024